ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਤਾਜਿਕਸਤਾਨ ਵਿੱਚ ਐਸਸੀਓ ਕੌਂਸਲ ਆਫ਼ ਹੈੱਡਸ ਆਫ਼ ਗਵਰਨਮੈਂਟ ਮੀਟਿੰਗ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ

ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ 19-20 ਅਕਤੂਬਰ 2026 ਨੂੰ ਹੋਣ ਵਾਲੇ ਸ਼ੰਘਾਈ ਕੋਆਪਰੇਸ਼ਨ ਆਰਗਨਾਈਜੇਸ਼ਨ (SCO) ਦੀ ਐਸਸੀਓ ਕੌਂਸਲ ਆਫ਼ ਹੈੱਡਸ ਆਫ਼ ਗਵਰਨਮੈਂਟ (CHG) ਦੀ 25ਵੀਂ ਬੈਠਕ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਦੁਸ਼ਾਂਬੇ, ਤਾਜਿਕਸਤਾਨ ਦਾ ਦੌਰਾ ਕਰਨਗੇ।।

2. ਬੈਠਕ ਵਿੱਚ ਐਸਸੀਓ ਮੈਂਬਰ ਦੇਸ਼ਾਂ ਵਿਚਕਾਰ ਖਾਸ ਕਰਕੇ ਵਪਾਰ, ਅਰਥਵਿਵਸਥਾ, ਨਿਵੇਸ਼, ਸੰਪਰਕ, ਨਵੀਨਤਾ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਤੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਖੇਤਰਾਂ ਵਿੱਚ ਬਹੁਪੱਖੀ ਸਹਿਯੋਗ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਬੈਠਕ ਵਿੱਚ ਚੱਲ ਰਹੀਆਂ ਸਹਿਯੋਗ ਪਹਿਲਕਦਮੀਆਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਸੰਗਠਨ ਦੇ ਵਿੱਤੀ ਅਤੇ ਸੰਸਥਾਗਤ ਕੰਮਕਾਜ ਨਾਲ ਸੰਬੰਧਿਤ ਫੈਸਲਿਆਂ 'ਤੇ ਵਿਚਾਰ ਕਰਨ ਦੀ ਵੀ ਉਮੀਦ ਹੈ।

3. ਭਾਰਤ ਵੱਖ-ਵੱਖ ਐਸਸੀਓ ਤੰਤਰਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਆ ਰਿਹਾ ਹੈ ਅਤੇ ਸਟਾਰਟਅੱਪ ਅਤੇ ਇਨੋਵੇਸ਼ਨ, ਡਿਜੀਟਲ ਜਨਤਕ ਬੁਨਿਆਦੀ ਢਾਂਚੇ ਅਤੇ ਲੋਕਾਂ ਵਿਚਕਾਰ ਦੇ ਆਪਸੀ ਆਦਾਨ-ਪ੍ਰਦਾਨ ਵਰਗੇ ਖੇਤਰਾਂ ਵਿੱਚ ਪਹਿਲਕਦਮੀਆਂ ਰਾਹੀਂ ਖੇਤਰੀ ਸਹਿਯੋਗ ਵਿੱਚ ਯੋਗਦਾਨ ਪਾਉਂਦਾ ਰਿਹਾ ਹੈ।

4. ਇਹ ਬੈਠਕ ਭਾਰਤ ਨੂੰ ਸੰਗਠਨ ਦੇ ਅੰਦਰ ਵਿਵਹਾਰਕ ਅਤੇ ਆਪਸੀ ਲਾਭਕਾਰੀ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਐਸਸੀਓ ਦੇ ਹੋਰ ਮੈਂਬਰ ਦੇਸ਼ਾਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰੇਗੀ।

5. ਪਿਛਲੀ ਸੀਐਚਜੀ ਮੀਟਿੰਗ 18 ਨਵੰਬਰ 2025 ਨੂੰ ਰੂਸ ਦੇ ਮਾਸਕੋ ਵਿੱਚ ਹੋਈ ਸੀ, ਜਿੱਥੇ ਭਾਰਤ ਦੀ ਨੁਮਾਇੰਦਗੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕੀਤੀ ਸੀ।।

ਨਵੀਂ ਦਿੱਲੀ

19 ਅਕਤੂਬਰ 2026